1994 ਤੋਂ ਮੁਹੱਈਆ ਕੀਤੀਆਂ ਜਾਂਦੀਆਂ ਕਈ ਵਿਸ਼ੇਸ਼ੱਗ ਸੇਵਾਵਾਂ ਨੂੰ ਅੱਗੇ ਵਿਕਸਿਤ ਕਰਨ ਅਤੇ ਇਹਨਾਂ ਦਾ ਪ੍ਰਬੰਧਨ ਕਰਨ ਲਈ ਸਾਊਥ ਆਫ਼ ਇੰਗਲੈਂਡ ਐਡਵੋਕੇਸੀ ਪ੍ਰੋਜੈਕਟਸ (SEAP) ਨੂੰ 2000 ਵਿੱਚ ਇੱਕ ਰਜਿਸਟਰਡ ਚੈਰਿਟੀ ਅਤੇ ਲਿਮੀਟਿਡ ਕੰਪਨੀ ਦੇ ਰੂਪ ਵਿੱਚ ਸਥਾਪਿਤ ਕੀਤਾ ਗਿਆ ਸੀ।

SEAP ਨੇ ਵਕਾਲਤ ਸੰਬੰਧੀ ਸਲਾਹ ਦੇ ਸਭ ਤੋਂ ਨਵੀਨਤਮ ਪੱਧਰ 'ਤੇ ਉੱਚ ਪੱਧਰੀ ਸੇਵਾਵਾਂ ਦੇਣ ਲਈ ਆਪਣੀ ਪ੍ਰਸਿੱਧੀ ਵਿਕਸਿਤ ਕੀਤੀ ਹੈ; ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਪਰਿਵਰਤਨ ਲਿਆਉਣ ਅਤੇ ਸਥਾਪਤ ਸੋਚ ਨੂੰ ਚੁਣੌਤੀ ਦਿੰਦੇ ਹੋਏ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਅਧਿਕਾਰ ਦੇਣਾ ਅਤੇ ਕੰਮ ਕਰਨ ਦੇ ਵਿਅਕਤੀ-ਕੇਂਦਰਤ ਤਰੀਕੇ ਅਜਿਹੀ ਵਾਸਤਵਿਕਤਾ ਬਣ ਜਾਣ ਜੋ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਦੀਆਂ ਜ਼ਿੰਦਗੀਆਂ ਦੇ ਵਿੱਚ ਅਸਲ ਵਿੱਚ ਅੰਤਰ ਲਿਆਉਣ।

ਇਸ ਸੰਗਠਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਦੇ ਵਿਚਾਰਾਂ, ਇੱਛਾਵਾਂ ਅਤੇ ਭਾਵਨਾਵਾਂ ਨੂੰ ਸੇਵਾ ਪ੍ਰਦਾਨ ਕਰਨ ਵਾਲਿਆਂ ਤਕ ਵਧਾਇਆ ਜਾਵੇ; ਅਤੇ ਉਹਨਾਂ ਵਿਅਕਤੀਆਂ ਅਤੇ ਸਮੂਹਾਂ ਨੂੰ ਵਕਾਲਤ ਸੰਬੰਧੀ ਸਮਰਥਨ ਮੁਹੱਈਆ ਕਰਨਾ ਜੋ ਕੋਈ ਖ਼ਾਸ ਮੁੱਦੇ ਹੱਲ ਕਰਨੇ ਚਾਹੁੰਦੇ ਹਨ। ਇਹ ਇਸ ਉਦੇਸ਼ ਨੂੰ ਮੁੱਖ ਤੌਰ 'ਤੇ ਦੋ ਤਰੀਕਿਆ ਨਾਲ ਪ੍ਰਾਪਤ ਕਰਦਾ ਹੈ:

- ਵਕੀਲ, ਮੁਵੱਕਿਲਾਂ ਨੂੰ ਖ਼ਾਸ ਮੁਸ਼ਕਲਾਂ, ਚਿੰਤਾਵਾਂ, ਜਾਂ ਸ਼ਿਕਾਇਤਾਂ ਦੇ ਸੰਬੰਧ ਵਿੱਚ ਜਾਣਕਾਰੀ, ਸਮਰਥਨ ਅਤੇ ਪ੍ਰਤੀਨਿਧਤਾ ਮੁਹੱਈਆ ਕਰਦੇ ਹਨ।
- ਸੰਗਠਨ ਸਿੱਧਾ ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਸੇਵਾ ਮੁਹੱਈਆ ਕਰਨ ਵਾਲਿਆਂ ਦੇ ਨਾਲ ਕੰਮ ਕਰਦਾ ਹੈ, ਇਹ ਯਕੀਨੀ ਬਣਾਉਣ ਦਾ ਟੀਚਾ ਰੱਖਦੇ ਹੋਏ ਕਿ ਮੁਵੱਕਿਲ ਨੂੰ ਸੇਵਾ ਦੀ ਯੋਜਨਾ ਬਣਾਉਣ, ਲਾਗੂਕਰਨ ਅਤੇ ਇਸਦੀ ਨਿਗਰਾਨੀ ਕਰਨ ਦੇ ਕੇਂਦਰ ਵਿੱਚ ਰੱਖਿਆ ਜਾਵੇ।

SEAP ਦੇ ਪ੍ਰੋਜੈਕਟ, ਵੱਖ-ਵੱਖ ਤਰ੍ਹਾਂ ਦੇ ਮੁਵੱਕਿਲ ਸਮੂਹਾਂ ਨੂੰ ਮੁੱਦੇ 'ਤੇ ਅਧਾਰਤ, ਕੇਸਵਰਕ ਵਕਾਲਤ ਸੰਬੰਧੀ ਸਲਾਹ ਅਤੇ ਸੰਬੰਧਤ ਸੇਵਾਵਾਂ ਮੁਹੱਈਆ ਕਰਦੇ ਹਨ, ਇਹਨਾਂ ਸਮੂਹਾਂ ਵਿੱਚ ਹੇਠਾਂ ਲਿਖੇ ਸ਼ਾਮਲ ਹਨ:

- ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਬਾਲਗ ਵਿਅਕਤੀ
- ਬੱਚੇ ਅਤੇ ਨੌਜਵਾਨ
- ਸਿੱਖਣ ਸੰਬੰਧੀ ਮੁਸ਼ਕਲਾਂ ਵਾਲੇ ਬਾਲਗ ਵਿਅਕਤੀ
- ਉਹ ਬਾਲਗ ਵਿਅਕਤੀ ਅਤੇ ਬੱਚੇ/ਨੌਜਵਾਨ ਜੋ NHS ਸਿਹਤ-ਸੰਭਾਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹਨ
- ਸਰੀਰਕ ਅਸਮਰਥਤਾਵਾਂ ਵਾਲੇ ਬਾਲਗ
- ਸੰਵੇਦੀ ਕਮਜ਼ੋਰੀਆਂ ਵਾਲੇ ਲੋਕ
- ਬਜ਼ੁਰਗ ਵਿਅਕਤੀ

ਕਾਨੂੰਨੀ ਸਲਾਹ ਕਈ ਵੱਖ-ਵੱਖ ਸਥਾਨਾਂ 'ਤੇ ਮੁਹੱਈਆ ਕੀਤੀ ਜਾਂਦੀ ਹੈ ਜਿਨ੍ਹਾਂ ਵਿੱਚ ਸ਼ਾਮਲ ਹਨ:

- ਸੁਰੱਖਿਅਤ ਯੂਨਿਟ
- ਹਸਪਤਾਲ
- ਦਿਨ ਦੀਆਂ ਸੇਵਾਵਾਂ
- ਕਿਸ਼ੋਰ ਅਵਸਥਾ ਦੇ ਮਨੋ-ਚਿਕਿਤਸਕ ਯੂਨਿਟ
- ਚਿਲਡ੍ਰਨਜ਼ ਹੋਮਜ਼ (ਬਾਲ ਘਰ)
- ਅਪਰਾਧਕ ਜਾਂਚ ਨਾਲ ਸੰਬੰਧਤ ਮਨੋ-ਚਿਕਿਤਸਕ ਯੂਨਿਟ
- ਦੇਖਭਾਲ ਘਰ
- ਜੇਲ੍ਹਾਂ
- ਰਾਹਤ ਯੂਨਿਟ
- ਭਾਈਚਾਰਾ-ਅਧਾਰਤ ਪ੍ਰੋਜੈਕਟ

ਮੁਵੱਕਿਲ ਸਾਡੇ ਕਿਸੇ ਆਫ਼ਿਸ ਵਿੱਚ ਜਾਂ ਆਪਣੀ ਪਸੰਦ ਦੇ ਕਿਸੇ ਸਥਾਨ 'ਤੇ ਵਕੀਲ ਨੂੰ ਮਿਲਣ ਦੀ ਚੋਣ ਵੀ ਕਰ ਸਕਦੇ ਹਨ।

SEAP ਸੇਵਾਵਾਂ ਸਿਹਤ ਅਤੇ ਸਮਾਜਕ ਦੇਖਭਾਲ ਸੇਵਾਵਾਂ ਵਿੱਚ ਸੇਵਾ ਮੁਹੱਈਆ ਕਰਨ ਵਾਲਿਆਂ ਨੂੰ ਸਿੱਧੀ ਵਕਾਲਤ ਸੰਬੰਧੀ ਸਲਾਹ ਅਤੇ ਅਧਿਕਾਰ-ਅਧਾਰਤ ਸਿਖਲਾਈ ਵੀ ਮੁਹੱਈਆ ਕਰਦੀਆਂ ਹਨ; ਅਤੇ ਸੇਵਾ ਦਾ ਇਸਤੇਮਾਲ ਕਰਨ ਵਾਲਿਆਂ ਨੂੰ ਸਿਖਲਾਈ ਅਤੇ ਸਮਰਥਨ ਦਿੰਦੀ ਹੈ ਅਤੇ ਉਹਨਾਂ ਏਜੰਸੀਆਂ ਲਈ ਸਟਾਫ਼ ਦੀ ਨਿਯੁਕਤੀ ਵਿੱਚ ਸ਼ਾਮਲ ਹੋ ਸਕਣ ਦੇ ਕਾਬਲ ਬਣਾਉਂਦੀ ਹੈ। ਸੇਵਾ ਦੀ ਵਰਤੋਂ ਕਰਨ ਵਾਲੇ, SEAP ਸਟਾਫ਼ ਲਈ ਅੰਦਰੂਨੀ ਨਿਯੁਕਤੀ ਪ੍ਰਕਿਰਿਆ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਕੇਂਦਰੀ ਹਿੱਸਾ ਹੁੰਦੇ ਹਨ।